# ਆਓ ਗੱਲਾਂ ਕਰੀਏ ਮਟਕਾ ਚੌਂਕ ਦੀਆਂ

ਆਓ ਗੱਲਾਂ ਕਰੀਏ ਮਟਕਾ ਚੌਂਕ ਦੀਆਂ
ਹੁੰਦਾ ਸੀ ਜੋ ਖੜਕਾ ਦੜਕਾ ਚੌਂਕ ਦੀਆਂ

ਮਟਕਾ ਚੌਂਕ ਚ ਮਟਕੇ ਫੁਟਿਆ ਕਰਦੇ ਸੀ
ਪਾਣੀ ਦੀਆਂ ਫੁਹਾਰਾਂ ਪੁਲ੍ਸਾਂ ਪੌਂਦੀਆਂ ਸੀ
ਮੁੜ ਕੇ ਅਥਰੂ ਗੈਸ ਸੁੱਟਿਆ ਕਰਦੇ ਸੀ

ਹਾਈ ਕੋਰਟ ਦੇ ਰਸਤੇ ਦੇ ਵਿਚ ਪੇਂਦਾ ਸੀ
ਓਥੇ ਰੋਜ਼ ਹੀ ਪੰਗਾ ਪਿਆ ਹੀ ਰਹੰਦਾ ਸੀ
ਪੁਲ੍ਸਾਂ ਰਸਤੇ ਵਿਚੋਂ ਮੋੜ ਹੀ ਦੇਂਦੀਆਂ ਸੀ
ਹੋਰ ਨਹੀਂ ਅੱਗੇ ਜਾਣਾ ਸਾਨੂੰ ਕਹੇਂਦੀਆਂ ਸੀ

ਫੁਟ ਪਾਥ ਤੇ ਤੰਬੂ ਲੱਗੇ ਰਹੰਦੇ ਸੀ
ਧਰਨਾਕਾਰੀ ਦਰੀਆਂ ਉੱਤੇ ਬਹੇਂਦੇ ਸੀ
ਰੁਕ ਰੁਕ ਕੇ ਨਾਹਰੇ ਲਗਦੇ ਰਹੇਂਦੇ ਸੀ
ਗੁੱਸੇ ਦੇ ਵਿਚ ਪੁਲ੍ਸਾਂ ਦੇ ਗਲ ਪੇਂਦੇ ਸੀ

ਲਾਲ ਰੰਗ ਦੇ ਝੰਡੇ ਅਕਸਰ ਵਿਖਦੇ ਸੀ
ਝੰਡਿਆਂ ਥੱਲੇ ਡੰਡੇ ਅਕਸਰ ਵਿਖਦੇ ਸੀ
ਲੋੜ ਦੇ ਵੇਲੇ ਡੰਡੇ ਹੀ ਕੰਮ ਆਓਂਦੇ ਸੀ
ਪੁਲ੍ਸਾਂ ਦੇ ਨਾਲ ਡੰਡੇ ਹੀ ਤ੍ਕ੍ਰੋਂਦੇ ਸੀ

ਕਦੇ ਕਦੇ ਤਾਂ ਪੁਲਸ ਵੀ ਮਾਰਾਂ ਖਾਂਦੀ ਸੀ
ਪਤਰਕਾਰਾਂ ਨੂੰ ਵੀ ਜਖਮ ਵਿਖਾਂਦੀ ਸੀ
ਦੂਹਰੇ ਤੀਹਰੇ ਹੋ ਕੇ ਚਲ ਵਿਖਾਂਦੇ ਸੀ
ਆਪਣਾ ਲਾਠੀ ਚਾਰਜ ਮੁੱਕਰ ਜਾਂਦੇ ਸੀ

ਹੁਣ ਤਾਂ ਮਟਕੇ ਸ਼ਮਸ਼ਾਨ ਵਿਚ ਫੁਟਦੇ ਨੇਂ
ਜਾਂ ਫਿਰ ਲਗਵੇਂ ਨਾਲ ਮੇਦਾਨ ਚ ਫੁਟਦੇ ਨੇਂ
ਧਰਨਾਕਾਰੀ ਪਏ ਜਗੋਂਦੇ ਭੂਤਾਂ ਨੂੰ
ਲਗਦਾ ਨਾਹਰੇ ਪਾਏ ਸੁਨੋਂਦੇ ਭੂਤਾਂ ਨੂੰ

ਆਓ ਗੱਲਾਂ ਕਰੀਏ ਮਟਕਾ ਚੌਂਕ ਦੀਆਂ
ਹੁੰਦਾ ਸੀ ਜੋ ਖੜਕਾ ਦੜਕਾ ਚੌਂਕ ਦੀਆਂ